# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ- ਸਟੇਟ ਪ੍ਰਾਜੈਕਟ ਡਾਇਰੈਕਟਰ
## ਸਮੱਗਰ ਸਿੱਖਿਆ ਅਭਿਆਨ (ਪੰਜਾਬ)

ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਸਅਸ ਨਗਰ, (ਮੋਹਾਲੀ) ਪੰਜਾਬ-160062 ਵੈਬਸਾਈਟ www.ssapunjab.org,

ਈ-ਮੇਲ: nsqfpunjab.punjabeducation @gmail.com, ਫੋਨ ਨੰ: 0172-5212313,5212324


**ਵੱਲ**

**ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ./ਐ.ਸਿ)**
**ਪੰਜਾਬ।**

ਮੀਮੋ ਨੰ: ਐਨ.ਐਸ.ਕਿਉ.ਐਫ/2021/133577 ਮਿਤੀ, ਐਸ.ਏ.ਐਸ.ਨਗਰ: 20/04/21

**ਵਿਸ਼ਾ:- ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਚੱਲ ਰਹੀਆਂ NSQF ਸਟੇਟ ਵੋਕੇਸ਼ਨਲ Labs ਦੀ ਦਿੱਖ ਸੁਧਾਰਨ ਸਬੰਧੀ।**

*ਹਵਾਲਾ:- 1. ਮੀਮੋ ਨੰ: ਐਨ.ਐਸ.ਕਿਉ.ਐਫ/2021/99503 ਮਿਤੀ, 22-03-2021.*

*2. ਮੀਮੋ ਨੰ: ਐਨ.ਐਸ.ਕਿਉ.ਐਫ/2021/111313, ਮਿਤੀ, 31-03-2021*

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੋਵੇਗਾ ਕਿ ਵੋਕੇਸ਼ਨਲ ਸਿੱਖਿਆ (ਕਿੱਤਾ ਮੁਖੀ ਸਿਖਲਾਈ) ਆਉਣ ਵਾਲੇ ਸਮੇਂ ਵਿੱਚ ਇੱਕ ਬਹੁਤ ਮਹੱਤਵਪੂਰਨ ਪ੍ਰਣਾਲੀ ਬਣਨ ਵਾਲੀ ਹੈ ਅਤੇ ਇਹ ਸਿੱਖਿਆ ਹਰ ਸਕੂਲ ਵਿੱਚ ਸ਼ੁਰੂ ਹੋਣ ਦੀ ਸੰਭਾਵਨਾ ਹੈ।

3.0 ਉਪਰੋਕਤ ਦੇ ਮੱਦੇਨਜ਼ਰ ਵੋਕੇਸ਼ਨਲ ਸਿੱਖਿਆ ਵੱਲ ਅਹਿਮ ਧਿਆਨ ਦੇਣ ਦੀ ਲੋੜ ਹੈ। ਸਮੱਗਰ ਸਿੱਖਿਆ ਅਧੀਨ ਕਿੱਤਾ ਮੁਖੀ ਸਿਖਲਾਈ ਲਈ 955 ਸਕੂਲਾਂ ਵਿੱਚ NSQF ਦੇ 2-2 ਲੈਬਜ਼ ਚੱਲ ਰਹੇ ਹਨ।

4.0 ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਨਾਲ ਹੋਈਆਂ ਵੱਖ-ਵੱਖ ਮੀਟਿੰਗਾਂ ਦੌਰਾਨ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਬੀਤੇ ਸਮੇਂ ਦੌਰਾਨ ਸਕੂਲਾਂ ਵਿੱਚ ਸਥਾਪਿਤ ਕੀਤੀਆਂ ਗਈਆਂ ਵੋਕੇਸ਼ਨਲ / NSQF ਲੈਬਜ਼ ਦੀ ਦਿੱਖ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਗਿਆ ਹੈ, ਜਿਸ ਕਾਰਨ ਸਕੂਲ ਦੀ ਸੁੰਦਰ ਦਿੱਖ ਪ੍ਰਭਾਵਿਤ ਹੋ ਰਹੀ ਹੈ। ਵੱਖ-ਵੱਖ ਸੁਝਾਵਾਂ ਤੇ ਗੌਰ ਕਰਦੇ ਹੋਏ ਇਹਨਾਂ ਲੈਬਜ਼ ਨੂੰ ਖਾਸ ਤਵੱਜੋ ਦਿੰਦੇ ਹੋਏ NSQF ਸਮਾਰਟ ਲੈਬਜ਼ ਵਿੱਚ ਤਬਦੀਲ ਕਰਨਾ ਬਣਦਾ ਹੈ।

5.0 ਉਕਤ ਸੁਝਾਵਾਂ ਦੇ ਮੱਦੇਨਜ਼ਰ ਵਿਭਾਗ ਵੱਲੋਂ 955 ਸੀਨੀਅਰ ਸੈਕੰਡਰੀ ਸਕੂਲਾਂ ਦੀਆਂ NSQF ਲੈਬਜ਼ ਅਤੇ 450 ਸਟੇਟ ਵੋਕੇਸ਼ਨਲ ਸਕੀਮ ਦੀਆਂ ਲੈਬਜ਼ (ਲਿਸਟ ਨਾਲ ਨੱਥੀ) ਦੀ ਦਿੱਖ ਸੁਧਾਰਨ ਅਤੇ ਉਹਨਾਂ ਨੂੰ ਹੋਰ ਆਕਰਸ਼ਕ ਅਤੇ ਵਧੀਆ ਬਨਾਉਣ ਲਈ ਅਤੇ ਲੋੜੀਂਦੀ ਰਿਪੇਅਰ/ਮੈਨਟੇਨੈਂਸ ਕਰਵਾਉਣ ਲਈ ਹਰ NSQF ਲੈਬ ਅਤੇ ਵੋਕੇਸ਼ਨਲ ਲੈਬ ਲਈ ਰੁਪਏ 8,500/- ਦੀ ਰਾਸ਼ੀ ਪ੍ਰਤੀ ਲੈਬ ਦੇ ਹਿਸਾਬ ਨਾਲ ਹੇਠ ਲਿਖੀਆਂ ਗਤੀਵਿਧੀਆਂ ਲਈ ਜਾਰੀ ਕੀਤੀ ਗਈ ਹੈ:-

| Activity | Items |
|---|---|
| NSQF/ Vocational Labs | Paint/Bala work/Flex, Door Mat, Window Curtain/Door Curtain, Curtain Pipe & Handler, Display Board, Syllabus Handler, Dustbin, Hardware Component Board, Shoe Rack, Exhaust Fan, Clock, Newspaper Reading Stand, etc. |

ਨੋਟ:- ਉਕਤ ਤੋਂ ਇਲਾਵਾ ਲੋੜ ਅਨੁਸਾਰ ਹੋਰ items ਵੀ ਖਰੀਦੇ ਜਾਂ ਤਿਆਰ ਕੀਤੇ ਜਾ ਸਕਦੇ ਹਨ।

6.0 ਇਸ ਤੋਂ ਇਲਾਵਾ ਜੋ ਗਰਾਂਟਾਂ NSQF ਲੈਬਜ਼ ਨੂੰ Digitally strengthen ਕਰਨ ਲਈ ਭੇਜੀਆਂ ਗਈਆਂ ਹਨ, ਜਿਵੇਂ (ਰੁਪਏ 66,500/- For Non-IT Trade Labs ਅਤੇ ਰੁਪਏ 11000/-For IT Trade Labs), ਉਹਨਾਂ ਗਰਾਂਟਾਂ ਵਿੱਚੋਂ ਜੇ ਕੋਈ ਰਕਮ ਬਚ ਜਾਂਦੀ ਹੈ ਤਾਂ ਉਸ ਨੂੰ ਵੀ ਸਕੂਲ/ਲੈਬਜ਼ ਦੀ ਦਿੱਖ ਸੁਧਾਰਨ ਅਤੇ flooring ਦੀ repair ਕਰਉਣ Tiles ਲਗਾਉਣ ਅਤੇ ਵਧੀਆ ਰੰਗ ਰੋਗਨ ਆਦਿ ਕਰਾਉਣ ਲਈ ਵਰਤਿਆ ਜਾ ਸਕਦਾ ਹੈ।

7.0 ਉਕਤ ਸਬੰਧੀ ਆਪ ਨੂੰ ਹੇਠ ਲਿਖਿਆ ਅਨੁਸਾਰ ਲੈਬਜ਼ ਨੂੰ ਸੁਧਾਰਨ ਸਬੰਧੀ ਸੁਝਾਅ ਦਿੱਤੇ ਗਏ ਹਨ ਜਿਹਨਾਂ ਨੂੰ ਅਮਲ ਵਿੱਚ ਲਿਆਉਣਾ ਸੁਨਿਸਚਿੱਤ ਕੀਤਾ ਜਾਵੇ।

(i) NSQF/ ਵੋਕੇਸ਼ਨਲ ਲੈਬ ਅੰਦਰੋਂ ਅਤੇ ਬਾਹਰੋਂ ਵਧੀਆ ਤਰੀਕੇ ਨਾਲ ਪੇਂਟ ਕਰਵਾਈ ਜਾਵੇ।

(ii) ਲੈਬ ਦੇ ਦਰਵਾਜ਼ੇ ਅਤੇ ਖਿੜਕੀਆਂ ਵਧੀਆ ਢੰਗ ਨਾਲ ਪੇਂਟ ਕਰਵਾਏ ਜਾਣ।

(iii) ਲੈਬ ਵਿੱਚ ਸਬੰਧਤ ਵਿਸ਼ੇ ਦਾ ਬਾਲਾ ਵਰਕ ਕਰਵਾਇਆ ਜਾਵੇ।

(iv) ਲੈਬ ਵਿੱਚ ਕੰਮ ਕਰਦੇ ਸਮੇਂ ਵਰਤੀਆਂ ਜਾਣ ਵਾਲੀਆਂ ਲੋੜੀਂਦੀਆਂ ਸਾਵਧਾਨੀਆਂ ਵੀ ਜ਼ਰੂਰ ਲਿਖ ਕੇ ਲਾਈਆਂ ਜਾਣ।

(v) ਲੈਬ ਵਿੱਚ ਟ੍ਰੇਡ ਨਾਲ ਸੰਬਧਤ ਕਿਰਿਆਵਾਂ, ਫੋਟੋਆਂ ਸਬੰਧੀ ਚਾਰਟ/ ਪੋਸਟਰ ਲਗਾਏ ਜਾ ਸਕਦੇ ਹਨ।

(vi) NSQF/ ਵੋਕੇਸ਼ਨਲ ਲੈਬ ਵਿੱਚ ਮੌਜੂਦਾ ਫਰਨੀਚਰ ਵਧੀਆ ਹਾਲਤ ਵਿੱਚ ਹੋਣਾ ਚਾਹੀਦਾ ਹੈ।

(vii) ਲੈਬ ਵਿੱਚ ਰੋਸ਼ਨੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

(viii) ਲੈਬ ਵਰਤਣ ਤੋਂ ਬਾਅਦ ਵਿੱਚ ਕੰਪਿਊਟਰ ਅਤੇ ਪ੍ਰਿੰਟਰ ਆਦਿ ਨੂੰ ਧੂੜ ਮਿੱਟੀ ਤੋਂ ਬਚਾਉਣ ਲਈ ਕੰਪਿਊਟਰ /ਪ੍ਰਿੰਟਰ ਕਵਰ ਨਾਲ ਢਕਿਆ ਜਾਵੇ ।

(ix) ਲੈਬ ਵਿੱਚ ਹਾਰਡਵੇਅਰ ਕੰਪੋਨੈਂਟਸ ਨੂੰ ਡਿਸਪਲੇਅ ਕਰਨ ਲਈ ਡਿਸਪਲੇਅ ਬੋਰਡ ਲਗਾਇਆ ਜਾਵੇ।

(x) ਲੈਬ ਵਿੱਚ ਵਿਦਿਆਰਥੀਆਂ ਦੀਆਂ ਕੁਰਸੀਆਂ ਨੂੰ ਸਹੀ ਤਰੀਕੇ ਨਾਲ ਲਾਈਨ ਵਿੱਚ ਰੱਖੀਆ ਜਾਵੇ। ਜੇਕਰ ਕੁਰਸੀਆਂ ਨਹੀਂ ਹਨ ਤਾਂ ਮੁਹੱਈਆ ਕਰਵਾਈਆਂ ਜਾਣ।

(xi) ਲੈਬ ਵਿੱਚ ਵਾਈਟ ਬੋਰਡ ਜਾਂ ਗਰੀਨ ਬੋਰਡ ਦਾ ਪ੍ਰਬੰਧ ਕੀਤਾ ਜਾਵੇ।

(xii) ਵਿਦਿਆਰਥੀਆਂ ਨੂੰ ਸਮਝਾਉਣ ਦੇ ਲਈ ਪੁਆਇੰਟਰ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

(xiii) ਵਿਦਿਆਰਥੀਆਂ ਨੂੰ ਪ੍ਰਯੋਗ ਕਰਵਾਉਣ ਲਈ ਵਰਤੇ ਜਾਂਦੇ ਜ਼ਰੂਰੀ ਸਮਾਨ ਨੂੰ ਲੈਬ ਵਿੱਚ ਬਣੇ ਕੱਪਬੋਰਡ ਵਿੱਚ ਪ੍ਰਦਰਸ਼ਿਤ ਕੀਤਾ ਜਾਵੇ। ਕੱਪਬੋਰਡ ਪਾਰਦਰਸ਼ੀ ਹੋਣਾ ਚਾਹੀਦਾ ਹੈ ਤਾਂ ਜੋ ਉਸ ਵਿੱਚ ਰੱਖਿਆ ਸਮਾਨ/ਮਾਡਲ ਦਿਖਾਈ ਦਿੰਦਾ ਰਹੇ।

(xiv) NSQF/ ਵੋਕੇਸ਼ਨਲ ਲੈਬ ਵਿੱਚ ਪੁਰਾਣੇ ਅਤੇ ਬੇਕਾਰ ਸਮਾਨ ਨੂੰ ਸਟਾਫ ਰਿਜਸਟਰ ਵਿੱਚੋਂ ਖਾਰਜ ਕੀਤਾ ਜਾਵੇ। ਇਹ ਵੇਖਣ ਵਿੱਚ ਆਇਆ ਹੈ ਕਿ ਕੁੱਝ ਸਕੂਲਾਂ ਦੀਆਂ ਲੈਬਜ਼ ਵਿੱਚ ਸ਼ੈਲਫਾਂ ਟੁੱਟੀਆਂ ਹੋਈਆਂ ਹੁੰਦੀਆਂ ਹਨ ਅਤੇ ਵਾਸ਼ਬੇਸਿਨ ਵੀ ਚਾਲੂ ਹਾਲਤ ਵਿੱਚ ਨਹੀਂ ਹੁੰਦੇ। ਅਜਿਹੀ ਹਾਲਤ ਵਿੱਚ ਇਹਨਾਂ ਨੂੰ ਠੀਕ ਕਰ ਲਿਆ ਜਾਵੇ।

(xv) ਲੈਬ ਵਿੱਚ ਪ੍ਰੈਕਟੀਕਲ ਕਰਉਣ ਲਈ ਮੇਜ ਵਰਤੇ ਜਾਂਦੇ ਹਨ ਅਜਿਹੇ ਮੇਜਾਂ ਨੂੰ ਰੰਗ ਕਰਵਾ ਲਿਆ ਜਾਵੇ ਤਾਂ ਜੋ ਲੈਬ ਦੀ ਦਿੱਖ ਨੂੰ ਹੋਰ ਸੁੰਦਰ ਬਣਾਇਆ ਜਾ ਸਕੇ।

(xvi) NSQF/ ਵੋਕੇਸ਼ਨਲ ਲੈਬ ਵਿੱਚ ਵਿਦਿਆਰਥੀਆਂ ਦੁਆਰਾ ਬਣਾਏ ਗਏ ਮਾਡਲ ਡਿਸਪਲੇ ਕਰਨ ਲਈ ਐਕਟੀਵਿਟੀ ਕਾਰਨਰ ਬਣਾਇਆ ਜਾਵੇ।

(xvii) ਲੈਬ ਵਿੱਚ ਵਿਦਿਆਰਥੀਆਂ ਦੀ ਸੁਰੱਖਿਆ ਲਈ ਅੱਗ ਬੁਝਾਊ ਯੰਤਰ ਜ਼ਰੂਰ ਲਗਵਾਇਆ ਜਾਵੇ।

(xviii) ਲੈਬ ਵਿੱਚ ਡਸਟਬਿਨ, ਪਾਇਦਾਨ, ਦੀਵਾਰ ਘੜੀ ਅਤੇ ਪੁਆਇੰਟਰ ਵੀ ਰੱਖੇ ਜਾਣ।

(xix) ਲੈਬ ਵਿੱਚ exhaust ਫੈਨ ਦਾ ਪ੍ਰਬੰਧ ਕੀਤਾ ਜਾਵੇ।

(xx) ਲੈਬ ਦੇ ਬਾਹਰ ਜੁੱਤੀਆਂ ਰੱਖਣ ਲਈ ਰੈਕ ਰੱਖਿਆ ਜਾ ਸਕਦਾ ਹੈ।

(xxi) ਲੈਬ ਦੇ ਬਾਹਰ ਫੁੱਟ ਮੈਟ ਰੱਖਿਆ ਜਾਵੇ।

(xxii) NSQF/ਵੋਕੇਸ਼ਨਲ ਲੈਬ ਵਿੱਚ ਖਿੜਕੀਆਂ ਅਤੇ ਦਰਵਾਜਿਆਂ ਦੇ ਲਈ ਪਰਦਿਆਂ ਦਾ ਉਚਿਤ ਕੀਤਾ ਜਾਵੇ।

(xxiii) NSQF/ਵੋਕੇਸ਼ਨਲ ਲੈਬ ਵਿੱਚ 'ਕੀ ਕਰਨਾ ਚਾਹੀਦਾ ਹੈ' ਅਤੇ 'ਕੀ ਨਹੀਂ ਕਰਨਾ ਚਾਹੀਦਾ ਹੈ' ਬਾਰੇ ਚਾਰਟ ਡਿਸਪਲੇਅ ਕੀਤਾ ਜਾਵੇ।

(xxiv) NSQF/ ਵੋਕੇਸ਼ਨਲ ਲੈਬ ਦੇ ਬਾਹਰ ਉਸ ਦਾ ਨਾਮ ਲਿਖਿਆ ਜਾਵੇ।

(xxv) ਲੈਬ ਦੇ ਸਾਜ਼ੋ ਸਮਾਨ ਨੂੰ ਅਲਮਾਰੀਆਂ ਵਿੱਚ ਜਾਂ ਦੀਵਾਰਾਂ ਵਿੱਚ ਬਣਾਏ ਬਕਸਿਆਂ / ਓਪਨ ਰੈਂਕਾ ਵਿੱਚ ਤਰਤੀਬਵਾਰ ਨੰਬਰ ਲਗਾ ਕੇ ਸੁਚੱਜੇ ਢੰਗ ਨਾਲ ਰੱਖੇ ਜਾਣ।

(xxvi) NSQF/ਵੋਕੇਸ਼ਨਲ ਲੈਬ ਵਿੱਚ ਸ਼ਕਾਇਤ/ਸੁਝਾਅ ਬਕਸਾ, ਵਿਜ਼ਟਰ ਬੁੱਕ ਅਤੇ ਫੀਡਬੈਕ ਬੁੱਕ ਆਦਿ ਵੀ ਰੱਖੇ ਜਾਣ।

**8.0** ਸਟਾਕ ਰਜਿਸਟਰ ਵਿੱਚ ਸਾਰੇ ਸਮਾਨ ਦੇ ਰਿਕਾਰਡ ਦਾ ਇੰਦਰਾਜ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਕੀਤੇ ਗਏ ਖਰਚੇ ਦਾ ਪੂਰਾ ਰਿਕਾਰਡ ਮੇਨਟੇਨ ਕੀਤਾ ਜਾਵੇ।

**9.0** ਖਰਚ ਕੀਤੀ ਜਾ ਰਹੀ ਰਾਸ਼ੀ ਦੇ ਵੱਖਰੇ ਤੌਰ ਤੇ ਕੈਸ਼ਬੁੱਕ ਅਤੇ ਵਾਉਚਰ ਮੈਨਟੇਨ ਕੀਤੇ ਜਾਣ।

**10.0** ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਖਰੀਦੇ ਗਏ ਸਮਾਨ ਦੀ quality ਆਦਿ ਉੱਤੇ ਚੈੱਕ ਰੱਖਿਆ ਜਾਵੇ ਅਤੇ ਨਿਰੀਖਣ ਕੀਤਾ ਜਾਵੇ ਅਤੇ ਜੇ ਕੋਈ ਖਾਮੀ ਪਾਈ ਜਾਂਦੀ ਹੈ ਤਾਂ ਉਸ ਨੂੰ ਤੁਰੰਤ ਦਰੁਸਤ ਕਰਵਾਇਆ ਜਾਵੇ ਅਤੇ ਢੁਕਵੀਂ ਕਾਰਵਾਈ ਕੀਤੀ ਜਾਵੇ ।

**11.0** ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਰਾਸ਼ੀ ਖਰਚ ਕਰਨ ਤੋਂ ਬਾਅਦ ਵਰਤੋਂ ਸਰਟੀਫਿਕੇਟ 15 ਮਈ ਤੱਕ ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

20/4/2021

**ਸਹਾਇਕ ਡਾਇਰੈਕਟਰ (NSQF)**
**ਸਮੱਗਰ ਸਿੱਖਿਆ ਅਭਿਆਨ, ਪੰਜਾਬ।**